**ELECTION CELL**
**ASST.RETURNING OFFICER -CUM- ACA,BDA**
**AC- 093-BATHINDA RURAL(SC)**
Phone/Fax No. 0164-5005429
Zila Parishad Complex Second floor -214
Email:: bathindarural093ac@gmail.com

2024S2172
5/4/2024

No ਚੋਣ/2024/463 Dated 4-4-2024

ਵੱਲ

1. ਨੋਡਲ ਅਫਸਰ,ਸਵੀਪ
2. ਸਮੂਹ ਸੁਪਰਵਾਈਜਰ/ਬੀ.ਐਲ.ਓ.

ਵਿਸ਼ਾ: ਲੋਕ ਸਭਾ ਚੋਣਾਂ 2024 - ਲਈ Voter Turnout Ratio ਵਧਾਉਣ ਲਈ ਸਵੀਪ ਪ੍ਰੋਗਰਾਮ ਅਧੀਨ ਗਤੀਵਿਧੀਆਂ ਲਈ ਮਿਤੀ 05/04/02024-06/05/2024 ਤੱਕ ਹਰ ਸ਼ੁਕਰਵਾਰ ਅਤੇ ਸ਼ਨੀਵਾਰ ਨੂੰ ਕੈਂਪ ਲਗਾਉਣ ਸਬੰਧੀ।

ਹਵਾਲਾ: ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦਾ ਪੱਤਰ ਨੰ: ਚੋਣ-2024/2248-53 ਮਿਤੀ 04/04/2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਸਮੂਹ ਸੁਪਰਵਾਈਜਰਾਂ/ਬੀ.ਐਲ.ਓ. ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 05/04/2024-06/05/2024 ਤੱਕ ਹਰ ਸ਼ੁਕਰਵਾਰ ਅਤੇ ਸ਼ਨੀਵਾਰ ਨੂੰ ਕੈਂਪ ਲਗਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵੱਧ ਤੋਂ ਵੱਧ ਵੋਟਾ ਬਣਾਈਆਂ ਜਾ ਸਕਣ। ਵੋਟਰਾਂ ਨੂੰ 100 ਪ੍ਰਤੀਸ਼ਤ ਅਧਿਕਾਰਾ ਦੀ ਵਰਤੋਂ ਕਰਨ ਸਬੰਧੀ ਪ੍ਰੇਰਿਤ ਕੀਤਾ ਜਾਵੇ। ਮਾਣਯੋਗ ਜਿਲ੍ਹਾ ਚੋਣ ਦਫਤਰ ਵੱਲੋਂ ਜਾਰੀ ਕੀਤਾ ਗਿਆ ਪੱਤਰ ਨਾਲ ਨੱਥੀ ਕਰਕੇ ਇਸ ਵਿੱਚ ਦਿੱਤੀਆ ਹਦਾਇਤਾ ਦੀ ਪਾਲਣਾ ਕਰਨਾ ਇੰਨ-ਬਿੰਨ ਯਕੀਨੀ ਬਣਾਇਆ ਜਾਵੇ।

ਇਸ ਤੋਂ ਇਲਾਵਾ ਫਾਰਮ 12-ਡੀ (PWD ਅਤੇ 85+) ਸਬੰਧਤ ਵੋਟਰਾਂ ਨੂੰ ਜਾਰੀ ਕੀਤੇ ਜਾਣ ਅਤੇ ਵੋਟਰ ਤੋਂ 12-ਡੀ ਦੀ ਪ੍ਰਾਪਤੀ ਦੀ ਰਸੀਦ ਲਈ ਜਾਵੇ। ਪ੍ਰੋਫਰਮਾਂ ਗਰੁੱਪ ਵਿੱਚ ਸ਼ੇਅਰ ਕਰ ਦਿੱਤਾ ਗਿਆ ਹੈ। ਜੇਕਰ ਕੋਈ ਵੋਟਰ ਬੂਥ ਉੱਪਰ ਵੋਟ ਪਾਉਣੀ ਚਾਹੁੰਦਾ ਹੈ, ਤਾਂ ਉਸ ਤੋਂ ਸਹਿਮਤੀ ਲਈ ਜਾਵੇ ਅਤੇ ਜੇਕਰ ਘਰ ਤੋਂ ਵੋਟ ਪਾਉਣਾ ਚਾਹੁੰਦਾ ਹੈ ਤਾਂ ਉਸ ਤੋਂ ਫਾਰਮ 12-ਡੀ ਭਰਵਾ ਲਿਆ ਜਾਵੇ। ਉਕਤ ਦਾ ਪੂਰਾ ਰਿਕਾਰਡ ਰੱਖਿਆ ਜਾਵੇ।

ਸਹਾਇਕ ਰਿਟਰਨਿੰਗ ਅਫਸਰ,
093- ਬਠਿੰਡਾ ਦਿਹਾਤੀ।

ਪਿੱਠ ਅੰਕਣ ਨੰ ਚੋਣ-2024/ ਮਿਤੀ 04/04/2024

ਉਪਰੋਕਤ ਦਾ ਉਤਾਰਾ:-

1. ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।
2. ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਨੂੰ ਹੁਕਮਾਂ ਦੀ ਇੰਨ-ਬਿੰਨ ਪਾਲਨਾ ਹਿੱਤ।
3. ਸਬੰਧਤ ਵਿਭਾਗਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਹਲਕਾ 093-ਬਠਿੰਡਾ ਦਿਹਾਤੀ ਵਿੱਚ ਕੰਮ ਕਰ ਰਹੇ ਸਮੂਹ ਸਵੀਪ ਟੀਮ/ਸੁਪਰਵਾਈਜਰ/ਬੀ.ਐਲ.ਓ.ਜ਼ ਨੂੰ ਮਿਤੀ 05/04/2024-06/05/2024 ਤੱਕ ਹਰ ਸ਼ੁਕਰਵਾਰ ਅਤੇ ਸ਼ਨੀਵਾਰ ਵਿਭਾਗੀ ਡਿਊਟੀ ਤੋਂ ਫਾਰਗ ਕੀਤਾ ਜਾਵੇ ਤਾਂ ਜੋ ਚੋਣਾਂ ਸਬੰਧੀ ਲਗਾਈ ਗਈ ਡਿਊਟੀ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਸਹਾਇਕ ਰਿਟਰਨਿੰਗ ਅਫਸਰ,
093- ਬਠਿੰਡਾ ਦਿਹਾਤੀ।

Scanned with CamScanner

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

**ਪਿਠ ਅੰਕਣ ਨੰ :ਜੀ-4/1 ( )2024** | 5004 **ਮਿਤੀ: 05/04/2024**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਤੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਇਆ ਜਾਵੇ।**

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ।**